ਪੰਜਾਬ ਸਕੂਲ ਸਿੱਖਿਆ ਬੋਰਡ

ਰਜਿਸ਼ਟ੍ਰੇਸ਼ਨ/ਕੰਟੀਨਿਊਏਸ਼ਨ ਸ਼ਡਿਊਲ

(ਸੈਸ਼ਨ 2018-19)

ਨੌਂਵੀਂ (**N-1, N-2, N-3**), ਦਸਵੀਂ (M-1 ਅਤੇ **M-2**), ਗਿਆਰਵੀਂ (**E-1, E-2**) ਅਤੇ ਬਾਰਵੀਂ ( T-1 ਅਤੇ **T-2**) ਸ਼੍ਰੇਣੀ ਵਿੱਚ ਵਿਦਿਆਰਥੀਆਂ ਦੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਰਿਟਰਨਾਂ ਆਨ ਲਾਈਨ ਭਰਨ, ਫੀਸਾਂ/ਚਲਾਨ ਬੈਂਕ ਵਿੱਚ ਜਮ੍ਹਾਂ ਕਰਵਾਉਣ ਅਤੇ ਰਿਟਰਨਾਂ/ਦਸਤਾਵੇਜ਼ ਆਦਿ ਖੇਤਰੀ ਦਫਤਰ/ਮੁੱਖ ਦਫਤਰ ਵਿੱਚ ਜਮ੍ਹਾਂ ਕਰਵਾਉਣ ਦੀਆਂ ਮਿਤੀਆਂ ਦਾ ਸ਼ਡਿਊਲ ਅਤੇ ਫੀਸਾਂ ਹੇਠ ਦਰਸਾਏ ਅਨੁਸਾਰ ਹਨ :-

ਫਾਰਮ ਵਾਈਜ਼ ਰਜਿਸਟ੍ਰੇਸ਼ਨ/ਕੰਟੀਨਿਊਏਸ਼ਨ ਫੀਸ :-

| ਲੜੀ ਨੰ. | ਸ਼੍ਰੇਣੀ | ਫਾਰਮ | ਰਜਿਸਟ੍ਰੇਸ਼ਨ/ਕੰਟੀਨਿਊਏਸ਼ਨ ਫੀਸ |
|---|---|---|---|
| 1. | ਨੌਂਵੀਂ | N1 | **150/-** |
| | | N2 (Other State/Board) | **1500/-** |
| | | N3 | **150/-** |
| 2. | ਦਸਵੀਂ | M1 | **100/-** |
| | | M2 (Other State/Board) | **1500/-** |
| 3. | ਗਿਆਰਵੀਂ | E1 | **150/-** |
| | | E2 (Other State/Board) | **1500/-** |
| 4. | ਬਾਰਵੀਂ | T1 | **100/-** |
| | | T2 (Other State/Board) | **1500/-** |

ਆਨਲਾਈਨ ਰਜਿਸਟ੍ਰੇਸ਼ਨ ਸਬੰਧੀ ਐਪਲੀਕੇਸ਼ਨ ਮਿਤੀ 08.07.2018 ਤੋਂ ਚਾਲੂ ਕੀਤੀ ਜਾਵੇਗੀ। ਮਿਤੀ 08.07.2018 ਤੋਂ 13.07.2018 ਤੱਕ ਸਕੂਲ ਦੇ ਵੇਰਵੇ (School Profile) ਆਦਿ ਅਪਡੇਟ ਕਰਨ ਲਈ ਸਮ੍ਹਾਂ ਦਿੱਤਾ ਜਾਵੇਗਾ। ਇਸ ਉਪਰੰਤ ਮਿਤੀ 15.07.2018 ਨੂੰ ਨੌਂਵੀਂ ਤੋਂ ਬਾਰਵੀਂ ਤੱਕ ਦੇ ਉਕਤ ਦਰਜ ਫਾਰਮਾਂ ਦੀ ਐਂਟਰੀ ਲਈ ਐਪਲੀਕੇਸ਼ਨ ਚਾਲੂ ਹੋ ਜਾਵੇਗੀ:-

ਰਜਿਸਟ੍ਰੇਸ਼ਨ/ਕੰਟੀਨਿਊਏਸ਼ਨ ਦੀਆਂ ਮਿਤੀਆਂ ਦਾ ਸ਼ਡਿਊਲ :-

| ਵੇਰਵਾ | | ਆਨਲਾਈਨ ਐਂਟਰੀ ਅਤੇ ਫੀਸ ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ | ਫੀਸ ਚਲਾਨ ਬੈਂਕ ਵਿੱਚ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ | ਦੂਜੇ ਰਾਜ /ਬੋਰਡ ਦੀ ਫਾਈਨਲ ਪ੍ਰਿੰਟ ਅਤੇ ਚਾਲਾਨ ਦੀ ਕਾਪੀ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ |
|---|---|---|---|---|
| ਮੁੱਖ ਰਿਟਰਨ ਬਿਨਾਂ ਲੇਟ ਫੀਸ | ਫਾਰਮ ਅਨੁਸਾਰ ਬਣਦੀ ਫੀਸ | ਮਿਤੀ 29.08.2018 ਤੱਕ | ਮਿਤੀ 06.09.2018 ਤੱਕ | ਮਿਤੀ 26.09.2018 ਤੱਕ (ਜਿਲ੍ਹਾ ਖੇਤਰੀ ਦਫਤਰ) |
| ਲੇਟ ਰਿਟਰਨ | ਫਾਰਮ ਅਨੁਸਾਰ ਬਣਦੀ ਫੀਸ + 100/- ਰੁ. ਪ੍ਰਤੀ ਵਿਦਿਆਰਥੀ ਲੇਟ ਫੀਸ + 1000/- ਰੁ. ਪ੍ਰਤੀ ਵਿਦਿਆਰਥੀ ਲੇਟ ਫੀਸ ਰਾਸ਼ੀ ਸਕੂਲ ਨੂੰ। | ਮਿਤੀ 19.09.2018 ਤੱਕ | ਮਿਤੀ 26.09.2018 ਤੱਕ | ਮਿਤੀ 23.10.2018 ਤੱਕ (ਮੁੱਖ ਦਫਤਰ, ਐੱਸ.ਏ.ਐੱਸ.ਨਗਰ) |
| ਲੇਟ ਰਿਟਰਨ | ਫਾਰਮ ਅਨੁਸਾਰ ਬਣਦੀ ਫੀਸ + 100/-ਰੁ. ਪ੍ਰਤੀ ਵਿਦਿਆਰਥੀ ਲੇਟ ਫੀਸ + 2000/- ਰੁ. ਪ੍ਰਤੀ ਵਿਦਿਆਰਥੀ ਲੇਟ ਫੀਸ ਸਕੂਲ ਨੂੰ। | ਮਿਤੀ 11.10.2018 ਤੱਕ | ਮਿਤੀ 17.10.2018 ਤੱਕ | ਮਿਤੀ 23.10.2018 ਤੱਕ (ਮੁੱਖ ਦਫਤਰ, ਐੱਸ.ਏ.ਐੱਸ.ਨਗਰ) |

ਨੋਟ :-

1. ਦੂਜੇ ਰਾਜ/ ਬੋਰਡ ਤੋਂ ਆਏ ਵਿਦਿਆਰਥੀਆਂ ਦੇ ਫਾਈਨਲ ਪ੍ਰਿੰਟ (**N2, M2, E2, T2** ਫਾਰਮਾਂ ਦੀ ਕਾਪੀ) ਹੀ ਜ਼ਿਲ੍ਹਾ ਖੇਤਰੀ ਡਿਪੂ ਵਿਖੇ ਜਮ੍ਹਾਂ ਕਰਵਾਈ ਜਾਵੇ ।
2. **N1, N3, M1, E1**, ਅਤੇ **T1** ਫਾਰਮਾਂ ਦੀ ਫਾਈਨਲ ਪ੍ਰਿੰਟ ਦੀ ਕਾਪੀ ਜ਼ਿਲ੍ਹਾ ਖੇਤਰੀ ਡਿਪੂ ਜਮ੍ਹਾਂ ਕਰਵਾਉਣ ਦੀ ਲੋੜ ਨਹੀ ਹੈ।
3. ਮਿਤੀ 08.07.2018 ਤੋਂ 13.07.2018 ਤੱਕ ਸਕੂਲ ਦੇ ਵੇਰਵੇ **(School Profile) ਆਦਿ** ਅਪਡੇਟ ਕੀਤਾ ਜਾਵੇਗਾ। ਜਿਸ ਵਿੱਚ ਸਕੂਲ ਦਾ ਟੈਲੀਫੋਨ ਨੰਬਰ, ਪ੍ਰਿੰਸੀਪਲ ਦਾ ਨਾਂ ਅਤੇ ਮੋਬਾਇਲ ਨੰਬਰ ਆਦਿ ਅਪਡੇਟ ਕੀਤੇ ਜਾਣ। ਇਸ ਉਪਰੰਤ ਜੇਕਰ ਕੋਈ ਗਲਤ ਵੇਰਵੇ ਅਪਡੇਟ ਕੀਤੇ ਪਾਏ ਗਏ ਤਾਂ, ਸਕੂਲ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

ਸਹੀ/-

ਡਾਇਰੈਕਟਰ (ਕੰਪਿਊਟਰ ਸੈੱਲ),

ਵਾਸਤੇ, ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ,

ਐੱਸ. ਏ. ਐੱਸ. ਨਗਰ।